This question paper contains 3 printed pages]

*Your Roll No*...............

5660

**B.A. (PROGRAMME)/III** A-I

(L)

PUNJABI DISCIPLINE—Paper III

**(Compulsory)**

(For Students who have studied Punjabi upto 12th)

*Time* : 3 *Hours* *Maximum Marks* : 100

(*Write your Roll No. on the top immediately on receipt of this question paper.*)

ਨੋਟ :–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠਾਂ ਲਿਖੇ ਕਾਵਿ-ਬੰਦਾਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 10

(ੳ) ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ ॥
ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗਜੀਵਨੁ ਦਾਤਾ ਪਾਇਆ ॥

(ਅ) ਰੱਬਾ ਮੇਰੇ ਹਾਲ ਦਾ ਮਹਿਰਮੁ ਤੂੰ ।
ਅੰਦਰਿ ਤੂੰ ਹੈ ਬਾਹਰਿ ਤੂੰ ਹੈਂ, ਰੋਮਿ ਰੋਮਿ ਵਿਚ ਤੂੰ ।
ਤੂੰ ਹੈ ਤਾਣਾ ਤੂੰ ਹੈਂ ਬਾਣਾ, ਸਭ ਕਿਛੁ ਮੇਰਾ ਤੂੰ ।
ਕਹੈ ਹੁਸੈਨ ਫ਼ਕੀਰ ਨਿਮਾਣਾ, ਮੈਂ ਨਾਹੀਂ ਸਭ ਤੂੰ ।

P.T.O.

2. ਹੇਠਾਂ ਦਿੱਤੇ ਨਿਬੰਧਾਂ ਵਿਚੋਂ ਕਿਸੇ ਇਕ ਵਿਚ ਪੇਸ਼ ਹੋਏ ਵਿਚਾਰਾਂ ਬਾਰੇ ਭਰਪੂਰ ਚਰਚਾ ਕਰੋ :

(ੳ) ਪੰਜਾਬ ਦੇ ਜੰਮਿਆਂ ਨੂੰ ਨਿਤ ਮੁਹਿੰਮਾਂ

(ਅ) ਪੰਜਾਬੀ ਲੋਕ-ਕਾਵਿ ਅਤੇ ਸਭਿਆਚਾਰ

(ੲ) ਸਿਆਲਾਂ ਦੀਆਂ ਧੂਣੀਆਂ । 20

3. ਕੀ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਨੂੰ ਸਫਲ ਸਫ਼ਰਨਾਮਾ ਕਿਹਾ ਜਾ ਸਕਦਾ ਹੈ ? ਚਰਚਾ ਕਰੋ ।

ਜਾਂ

ਪਾਕਿਸਤਾਨ ਪੁੱਜ ਕੇ ਬਲਰਾਜ ਸਾਹਨੀ ਨੂੰ ਆਪਣੇ ਬਚਪਨ ਤੇ ਜਵਾਨੀ ਦੀਆਂ ਕਿਹੜੀਆਂ ਕਿਹੜੀਆਂ ਘਟਨਾਵਾਂ ਯਾਦ ਆਈਆਂ ? ਵਿਸਤਾਰ ਸਹਿਤ ਲਿਖੋ । 20

4. 'ਸਾਗਰਿਕਾ' ਪੁਸਤਕ ਵਿਚ ਸ਼ਾਮਲ ਗੁਰੂ ਨਾਨਕ ਸਾਹਿਬ ਦੀਆਂ ਕਾਵਿ-ਰਚਨਾਵਾਂ ਵਿਚੋਂ ਕਿਸੇ ਇਕ ਦੀ ਸਹਿਤਕ ਆਲੋਚਨਾ ਕਰੋ । 10

ਜਾਂ

ਬਾਬਾ ਫ਼ਰੀਦ ਦੇ ਜੀਵਨ ਅਤੇ ਰਚਨਾ ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਉ ।

5. ਨਿੱਕੀ ਕਹਾਣੀ ਜਾਂ 'ਖੁੱਲ੍ਹੀ ਕਵਿਤਾ' ਵਿਚੋਂ ਕਿਸੇ ਇਕ ਬਾਰੇ ਵਿਸਤਾਰ ਸਹਿਤ ਦਸੋ । 10

6. 'ਅਲੰਕਾਰ' ਦੀ ਪਰਿਭਾਸ਼ਾ ਦੱਸਦੇ ਹੋਏ 'ਰੂਪਕ ਅਲੰਕਾਰ' ਬਾਰੇ ਵਿਸਤਾਰ ਸਹਿਤ ਜਾਣਕਾਰੀ ਦਿਉ । 10

7. ਹੇਠਾਂ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ (ਪੰਜਾਹ-ਪੰਜਾਹ ਸ਼ਬਦਾਂ 'ਚ) ਲਿਖੋ : 4×5=20

(ੳ) ਰੁਬਾਈ ਕਾਵਿ-ਰੂਪ ਬਾਰੇ ਤੁਸੀਂ ਕੀ ਜਾਣਦੇ ਹੋ ?

(ਅ) ਗੁਰੂ ਤੇਗ ਬਹਾਦਰ ਦਾ ਕੋਈ ਇਕ ਸਲੋਕ ਲਿਖੋ।

(ੲ) 'ਅਭਿਧਾ' ਸ਼ਬਦ ਸ਼ਕਤੀ ਬਾਰੇ ਸੰਖੇਪ ਵਿਚ ਦੱਸੋ।

(ਸ) ਬਲਰਾਜ ਸਾਹਨੀ ਪਾਕਿਸਤਾਨ ਵਿਚ ਕਿਹੜੀਆਂ ਥਾਵਾਂ 'ਤੇ ਗਿਆ ?

(ਹ) 'ਸਭਿਆਚਾਰ' ਦੀ ਪਰਿਭਾਸ਼ਾ ਲਿਖੋ।